3. ਪ੍ਰਜਨਣ ਸ਼ਕਤੀ ਘੱਟਣੀ
4. ਦੁੱਧ ਘੱਟਣਾ
5. ਪਸ਼ੂ ਦਾ ਵਾਧਾ ਰੁਕਣਾ/ਘਟਣਾ
6. ਬਿਮਾਰੀਆਂ ਹੋਣੀਆਂ

ਇਹਨਾਂ ਖਣਿਜਾਂ ਦੀ ਪੂਰਤੀ ਲਈ ਪਸ਼ੂ ਦੀ ਖੁਰਾਕ ਵਿੱਚ ਧਾਤਾਂ ਦਾ ਚੂਰਾ ਪਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਪੰਜਾਬ ਦੇ ਮਾਲਵੇ ਇਲਾਕੇ ਵੱਲ ਫਲੋਰੀਨ ਧਾਤ ਦੀ ਬਹੁਤਾਤ ਪਾਈ ਜਾਂਦੀ ਹੈ। ਜਿਹੜੀ ਕਿ ਪਾਣੀ, ਚਾਰਿਆਂ ਤੇ ਅਨਾਜ ਰਾਹੀਂ ਹੁੰਦੀ ਹੋਈ ਪਸ਼ੂਆਂ ਦੇ ਸਰੀਰ ਵਿੱਚ ਪਹੁੰਚ ਜਾਂਦੀ ਹੈ। ਇਹ ਲੋੜ ਤੋਂ ਜ਼ਿਆਦਾ ਫਲੋਰੀਨ ਪਸ਼ੂਆਂ ਵਿੱਚ ਹੱਡੀਆਂ ਤੇ ਦੰਦਾਂ ਨੂੰ ਕਮਜ਼ੋਰ ਕਰ ਦਿੰਦੀ ਹੈ। ਇਸੇ ਤਰ੍ਹਾਂ ਕੁਝ ਇਲਾਕਿਆਂ ਵਿੱਚ ਸਲੀਨੀਅਮ ਦੀ ਬਹੁਤਾਤ ਪਾਈ ਜਾਂਦੀ ਹੈ। ਇਹ ਧਾਤਾਂ ਜ਼ਿਆਦਾ ਮਾਤਰਾ ਵਿੱਚ ਪਸ਼ੂ ਦੇ ਅੰਦਰ ਜਾਣ ਤੇ ਪਸ਼ੂ ਨੂੰ ਦੇਗਨਾਲਾ ਨਾਂ ਦੀ ਬੀਮਾਰੀ ਹੋ ਜਾਂਦੀ ਹੈ।

ਇਸ ਕਰਕੇ ਇਲਾਕਾ ਅਧਾਰਿਤ ਧਾਤਾਂ ਦਾ ਚੂਰਾ ਪਾਉਣਾ ਚਾਹੀਦਾ ਹੈ। ਧਾਤਾਂ ਦਾ ਮਿਸ਼ਰਣ ਜਵਾਨ ਹੋ ਰਹੇ ਪਸ਼ੂ ਨੂੰ 15-20 ਗ੍ਰਾਮ, 10 ਕਿੱਲੋ ਤੱਕ, ਦੁੱਧ ਦੇਣ ਵਾਲੇ ਪਸ਼ੂ ਨੂੰ 50 ਗ੍ਰਾਮ ਤੇ ਜ਼ਿਆਦਾ ਦੁੱਧ ਦੇਣ ਵਾਲੇ ਪਸ਼ੂ ਨੂੰ 70-100 ਗ੍ਰਾਮ ਹਰ ਰੋਜ਼ ਦਿਉ। ਧਾਤਾਂ ਦਾ ਚੂਰਾ 2 ਕਿਲੋ /ਕੁਇੰਟਲ ਦੇ ਹਿਸਾਬ ਨਾਲ ਖੁਰਾਕ ਵਿੱਚ ਵੀ ਮਿਲਾਇਆ ਜਾ ਸਕਦਾ ਹੈ।

**ਵਿਟਾਮਿਨ :** ਪਸ਼ੂਆਂ ਨੂੰ ਸਰੀਰਕ ਵਾਧੇ ਲਈ, ਤਾਕਤ ਲਈ, ਪ੍ਰਜਨਣ ਲਈ ਦ੍ਰਿਸ਼ਟੀ ਲਈ ਆਦਿ ਵਿਟਾਮਿਨ ਚਾਹੀਦੇ ਹਨ। ਭਾਵੇਂ ਕਿ ਇਹਨਾ ਦੀ ਜ਼ਰੂਰਤ ਬਹੁਤ ਘੱਟ ਮਾਤਰਾ ਵਿੱਚ ਹੁੰਦੀ ਹੈ ਪਰ ਇਹਨਾਂ ਦਾ ਖੁਰਾਕ ਵਿੱਚ ਹੋਣਾ ਬਹੁਤ ਜ਼ਰੂਰੀ ਹੈ।

ਇਨ੍ਹਾਂ ਨੂੰ ਘੁਲਣਸ਼ਕਤੀ ਦੇ ਹਿਸਾਬ ਨਾਲ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ।

1. **ਪਾਣੀ ਵਿੱਚ ਘੁਲਣ ਵਾਲੇ :** ਇਸ ਸ਼੍ਰੇਣੀ ਵਿੱਚ ਵਿਟਾਮਿਨ ਬੀ ਕੰਪਲੈਕਸ ਅਤੇ ਵਿਟਾਮਿਨ ਸੀ ਆਉਂਦੇ ਹਨ। ਇਹ ਸਾਰੇ ਵਿਟਾਮਿਨ ਪਸ਼ੂ ਦੇ ਰੂਮਨ ਵਿੱਚ ਬਣਦੇ ਰਹਿੰਦੇ ਹਨ ਪਰ ਇਨ੍ਹਾਂ ਦੀ ਬਣਤਰ ਲਈ ਕੋਬਾਲਟ ਅਤੇ ਸਲਫਰ ਦਾ ਖੁਰਾਕ ਵਿੱਚ ਹੋਣਾ ਬਹੁਤ ਜ਼ਰੂਰੀ ਹੈ। ਵਧੇਰੇ ਦੁੱਧ ਦੇਣ ਵਾਲਿਆਂ ਪਸ਼ੂਆਂ ਦੀ ਖੁਰਾਕ ਵਿੱਚ ਨਾਇਆਸੀਨ ਅਤੇ ਬਾਇਓਟੀਨ ਦੇਣਾ ਲਾਹੇਵੰਦ ਹੁੰਦਾ ਹੈ।
2. **ਚਿਕਨਾਈ ਵਿੱਚ ਘੁੱਲਣਸ਼ੀਲ :** ਇਨ੍ਹਾਂ ਵਿੱਚ ਵਿਟਾਮਿਨ ਏ, ਡੀ, ਈ ਅਤੇ ਕੇ ਆਉਂਦੇ ਹਨ। ਵਿਟਾਮਿਨ ਏ ਹਰੇ ਚਾਰੇ ਵਿੱਚੋਂ ਮਿਲਦਾ ਰਹਿੰਦਾ ਹੈ। ਵਿਟਾਮਿਨ 'ਏ' ਦੀ ਘਾਟ ਨਾਲ ਪਸ਼ੂ ਅੰਨ੍ਹੇ ਹੋ ਜਾਂਦੇ ਹਨ ਜਾਂ ਅੰਧਰਾਤਾ ਹੋ ਜਾਂਦਾ ਹੈ। ਵਿਟਾਮਿਨ ਡੀ ਕੈਲਸ਼ੀਅਮ ਦੇ ਅੰਤੜੀਆਂ ਵਿੱਚੋਂ ਜ਼ਜਬ ਹੋਣ ਵਿੱਚ ਮਦਦ ਕਰਦਾ ਹੈ ਇਸਦੀ ਘਾਟ ਨਾਲ ਕੈਲਸ਼ੀਅਮ ਦੀ ਘਾਟ ਹੋ ਸਕਦੀ ਹੈ। ਦੁੱਧ ਘੱਟ ਜਾਂਦਾ ਹੈ। ਵਾਧਾ ਰੁਕ ਜਾਂਦਾ ਹੈ। ਵਿਟਾਮਿਨ ਈ ਦੀ ਘਾਟ ਨਾਲ ਪ੍ਰਜਨਣ ਸਬੰਧੀ ਮੁਸ਼ਕਿਲਾਂ ਆ ਜਾਂਦੀਆਂ ਹਨ ਜਿਵੇਂ ਕਿ ਜੇਰ ਨਾ ਪੈਣਾ, ਛੇਤੀ ਬੀਮਾਰ ਹੋਣਾ ਆਦਿ।

ਉਪਰੋਕਤ ਠੋਸ ਖੁਰਾਕੀ ਤੱਤ ਪਸ਼ੂ ਦੀ ਖੁਰਾਕ ਵਿੱਚ ਵਰਤੀਆਂ ਜਾਂਦੀਆਂ ਵਸਤਾਂ ਜਿਵੇਂ ਕਿ ਚਾਰੇ, ਅਨਾਜ, ਖਲਾਂ, ਖੇਤੀ ਉਦਯੋਗ ਦੀਆਂ ਸਹਿ-ਉਪਜਾਂ, ਧਾਤਾਂ ਦੇ ਚੂਰੇ ਆਦਿ ਤੋਂ ਮਿਲਦੇ ਹਨ। ਪਸ਼ੂ ਖੁਰਾਕ ਵਿੱਚ ਜਿੰਨਾ ਜ਼ਿਆਦਾ ਵੇਖਰੇਵਾ ਹੋਵੇਗਾ ਉਨੇ ਜ਼ਿਆਦਾ ਖੁਰਾਕੀ ਤੱਤ ਪਸ਼ੂ ਨੂੰ ਮਿਲਣਗੇ ਤੇ ਪਸ਼ੂ ਉਨਾ ਤੰਦਰੁਸਤ ਹੋਵੇਗਾ ਤੇ ਵਧੇਰੇ ਦੁੱਧ ਦੇਵੇਗਾ ਅਤੇ ਹਰਵਰਿਆਇਆ ਹੋਵੇਗਾ। ਇਸ ਕਰਕੇ ਪਸ਼ੂ ਨੂੰ ਮਿਸ਼ਰਤ ਜਾਂ ਫਲੀਦਾਰ ਤੇ ਗੈਰਫਲੀਦਾਰ ਮਿਸ਼ਰਤ ਚਾਰੇ ਦਿਉ। ਵੰਡ ਵਿੱਚ ਵੱਖ-ਵੱਖ ਤਰ੍ਹਾਂ ਦੇ ਦਾਣਿਆਂ, ਖਲਾਂ, ਸਹਿ ਉਪਜਾਂ ਅਤੇ ਧਾਤਾਂ ਦੇ ਚੂਰੇ ਦੀ ਵਰਤੋਂ ਕਰੋ।


ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਨਿਰਦੇਸ਼ਾਲਾ ਪਸਾਰ ਸਿੱਖਿਆ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ,

ਲੁਧਿਆਣਾ-141004

ਫੋਨ : 0161-2414005, 2414026


# ਪਸ਼ੂਆਂ ਦੇ ਖੁਰਾਕੀ ਤੱਤਾਂ ਦੀ ਜਾਣਕਾਰੀ

# NUTRIENTS IN ANIMALS FEED




ਡਾ. ਜਸਵਿੰਦਰ ਸਿੰਘ

ਡਾ. ਜਸਪਾਲ ਸਿੰਘ ਹੁੰਦਲ

ਡਾ. ਬਿਲਾਵਲ ਸਿੰਘ

ਡਾ. ਸੁਰੇਸ਼ ਕੁਮਾਰ ਕਾਂਸਲ

ਡਾ. ਹਰੀਸ਼ ਕੁਮਾਰ ਵਰਮਾ


**FFP FOLDER - 5**


**ACKNOWLEDGMENT**

We are highly thankful to Farmer FIRST Programme, ICAR, New Delhi for providing financial assistance to publish this Folder for the benefit of farmers.



ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ,

ਲੁਧਿਆਣਾ-141004

ਲਾਹੇਵੰਦ ਡੇਅਰੀ ਫਾਰਮਿੰਗ ਲਈ ਇਹ ਬਹੁਤ ਜ਼ਰੂਰੀ ਹੈ ਕਿ ਪਸ਼ੂਆਂ ਦੀ ਖੁਰਾਕ ਵਧੀਆ ਹੋਵੇ। ਖੁਰਾਕ ਪਸ਼ੂ ਨੂੰ ਸਰੀਰਕ ਕਿਰਿਆਵਾਂ ਲਈ ਲੋੜੀਂਦੇ ਤੱਤ ਮੁਹੱਈਆ ਕਰਵਾਉਂਦੀ ਹੈ ਜਿਹੜੇ ਅੱਗੇ ਪਸ਼ੂ ਦੇ ਸਿਹਤ ਲਈ, ਵਾਧੇ ਲਈ, ਪ੍ਰਜਨਣ ਲਈ ਅਤੇ ਦੁੱਧ ਪੈਦਾ ਕਰਨ ਵਿੱਚ ਕੰਮ ਆਉਂਦੇ ਹਨ।

**ਖੁਰਾਕ ਨੂੰ ਕੁੱਲ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।**

1. ਪਾਣੀ
2. ਠੋਸ/ਸੁੱਕੇ ਪਦਾਰਥ - ਜਿਹੜੇ ਕਿ ਅੱਗੇ ਪੰਜ ਤਰ੍ਹਾਂ ਦੇ ਹੁੰਦੇ ਹਨ।

| | | | |
|---|---|---|---|
| 1. | ਨਿਸ਼ਾਸਤਾ | 2. | ਪ੍ਰੋਟੀਨ |
| 3. | ਚਿਕਨਾਈ | 4. | ਖਣਿਜ |
| 5. | ਵਿਟਾਮਿਨ | | |

**ਪਾਣੀ :** ਭਾਵੇਂ ਪਾਣੀ ਵਿੱਚ ਕੋਈ ਸ਼ਕਤੀ ਨਹੀਂ ਹੁੰਦੀ ਪਰ ਫਿਰ ਵੀ ਇਸ ਨੂੰ ਇਕ ਅਹਿਮ ਖੁਰਾਕੀ ਤੱਤ ਮੰਨਿਆ ਜਾਂਦਾ ਹੈ। ਬਾਕੀ ਖੁਰਾਕੀ ਤੱਤਾਂ ਬਿਨ੍ਹਾਂ ਤੋਂ ਪਸ਼ੂ ਕੁਝ ਦਿਨ ਗੁਜ਼ਾਰਾ ਕਰ ਸਕਦੇ ਹੈ ਪਰ ਪਾਣੀ ਬਿਨਾਂ ਨਹੀਂ ਕਿਉਂਕਿ ਪਸ਼ੂ ਦੇ ਸਰੀਰ ਦਾ ਜ਼ਿਆਦਾਤਰ ਹਿੱਸਾ (60%) ਪਾਣੀ ਹੀ ਹੁੰਦਾ ਹੈ ਤੇ ਕੱਟੜੂਆਂ / ਵੱਛੜੂਆਂ ਦੇ ਸਰੀਰ ਦਾ 80% ਹਿੱਸਾ ਪਾਣੀ ਹੁੰਦਾ ਹੈ।

- ਪਾਣੀ ਪਸ਼ੂ ਦੇ ਸਰੀਰਕ ਤਾਪਮਾਨ ਨੂੰ ਸਥਿਰ ਰੱਖਦਾ ਹੈ।
- ਪਾਣੀ ਖੁਰਾਕੀ ਤੱਤਾਂ ਨੂੰ ਹਜ਼ਮ ਕਰਨ ਲਈ ਵੀ ਬਹੁਤ ਜ਼ਰੂਰੀ ਹੈ।
- ਇਹ ਸਰੀਰ ਵਿੱਚ ਅਣਪਚੇ, ਅਣਲੋੜੀਂਦੇ ਪਦਾਰਥਾਂ ਨੂੰ ਬਾਹਰ ਕੱਢਣ ਵਿੱਚ ਸਹਾਈ ਹੁੰਦਾ ਹੈ। ਗੋਹੇ ਵਿੱਚ 85% ਪ੍ਰਤੀਸ਼ਤ ਤੇ ਪਿਸ਼ਾਬ ਵਿੱਚ 90-92% ਪ੍ਰਤੀਸ਼ਤ ਪਾਣੀ ਹੁੰਦਾ ਹੈ।
- ਪਾਣੀ ਸਰੀਰ ਦੇ ਅੰਦਰੂਨੀ ਤਰਲ ਪਦਾਰਥਾਂ ਨੂੰ ਜਿਵੇਂ ਕਿ ਅੱਖਾਂ ਦੇ ਪਿਛੇ, ਜੋੜਾਂ ਆਦਿ ਵਿੱਚ ਦੀ ਮਾਤਰਾ ਨੂੰ ਬਣਾਈ ਰੱਖਣ ਵਿੱਚ ਸਹਾਈ ਹੁੰਦਾ ਹੈ।
- ਸਰੀਰ ਦੇ ਹਰ ਸ਼ੈੱਲ/ਤੰਤੂ ਨੂੰ ਪਾਣੀ ਦੀ ਜ਼ਰੂਰਤ ਹੁੰਦੀ ਹੈ।
- ਦੁੱਧ ਦੀ ਪੈਦਾਵਾਰ ਲਈ ਵੀ ਪਾਣੀ ਚਾਹੀਦਾ ਹੈ। ਦੁੱਧ ਵਿੱਚ 87% ਪਾਣੀ ਹੈ ਤੇ ਇੱਕ ਲੀਟਰ ਦੁੱਧ ਪੈਦਾ ਕਰਨ ਲਈ ਤਕਰੀਬਨ 4-5 ਲੀਟਰ ਪਾਣੀ ਚਾਹੀਦਾ ਹੈ।

ਇਸ ਲਈ ਬਹੁਤ ਜ਼ਰੂਰੀ ਹੈ ਕਿ ਪਸ਼ੂਆਂ ਨੂੰ ਹਮੇਸ਼ਾ ਤਾਜ਼ਾ ਤੇ ਖੁੱਲ੍ਹਾ ਪਾਣੀ ਦਿਉ ਤਾਂ ਕਿ ਉਹ ਆਪਣੀ ਮਰਜ਼ੀ ਮੁਤਾਬਿਕ ਪੀ ਸਕਣ। ਆਮ ਤੌਰ ਤੇ ਇਕ ਲਵੇਰਾ 50-60 ਲੀਟਰ ਪਾਣੀ ਇੱਕ ਵਾਰੀ ਪੀ ਜਾਂਦਾ ਹੈ। ਪਾਣੀ ਪੀਣ ਦੀ ਮਾਤਰਾ, ਬਾਹਰੀ ਤਾਪਮਾਨ, ਪਾਣੀ ਦੀ ਸ਼ੁੱਧਤਾ, ਦੁੱਧ ਦੀ ਪੈਦਾਵਾਰ, ਖੁਰਾਕ ਅਤੇ ਪਸ਼ੂ ਦੇ ਕੰਮ ਆਦਿ ਨਾਲ ਪ੍ਰਭਾਵਿਤ ਹੁੰਦੀ ਹੈ।

**ਨਿਸ਼ਾਸਤਾ :** ਨਿਸ਼ਾਸਤੇ ਨੂੰ ਬਣਤਰ ਦੇ ਅਧਾਰ ਤੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਰੇਸ਼ੇਦਾਰ (Fibrous) ਅਤੇ ਗੈਰ ਰੇਸ਼ੇਦਾਰ ਨਿਸ਼ਾਸਤਾ। ਰੇਸ਼ੇਦਾਰ ਨਿਸ਼ਾਸਤਾ ਸੈਲੂਲੋਜ਼, ਹੈਮੀਸੈਲੂਲੋਜ਼ ਅਤੇ ਲਿਗਨਿਨ ਦਾ ਬਣਿਆ ਹੁੰਦਾ ਹੈ ਤੇ ਇਕਹਰੇ ਮਿਹਦੇ ਵਾਲੇ ਪ੍ਰਾਣੀ ਜਿਵੇਂ ਮਨੁੱਖ, ਕੁੱਤਾ, ਘੋੜਾ ਅਤੇ ਸੂਰ ਇਸ ਨੂੰ ਹਜ਼ਮ ਨਹੀਂ ਜਾਂ ਬਹੁਤ ਘੱਟ ਹਜ਼ਮ ਕਰ ਸਕਦੇ ਹਨ। ਗੈਰ ਰੇਸ਼ੇਦਾਰ ਨਿਸ਼ਾਸਤਾ ਦਾਣਿਆਂ, ਬਿਨ੍ਹਾਂ ਪੱਤਿਆਂਵਾਲੀਆਂ ਸਬਜ਼ੀਆਂ, ਬਰੈੱਡ, ਖੰਡ, ਗੁੜ ਆਦਿ ਵਿੱਚ ਹੁੰਦਾ ਹੈ। ਨਿਸ਼ਾਸਤਾ ਪੌਦਿਆਂ ਦੇ ਠੋਸ ਪਦਾਰਥ ਦਾ ਤਿੰਨ ਚੌਥਾਈ ਹਿੱਸਾ ਹੁੰਦਾ ਹੈ ਅਤੇ ਪਸ਼ੂਆਂ ਲਈ ਸ਼ਕਤੀ/ਊਰਜਾ ਦਾ ਮੁੱਖ ਸ੍ਰੋਤ ਹੁੰਦਾ ਹੈ।



**ਪ੍ਰੋਟੀਨ :** ਪ੍ਰੋਟੀਨ ਸਰੀਰਕ ਤੰਤੂਆਂ / ਪੱਠਿਆਂ ਲਈ, ਮਾਸਪੇਸ਼ੀਆਂ ਦੇ ਵਾਧੇ ਲਈ, ਪਾਚਕ ਰਸਾਂ ਦੇ ਬਨਣ ਲਈ, ਦੁੱਧ ਬਨਣ ਲਈ, ਪ੍ਰਜਨਣ ਲਈ ਚਾਹੀਦੀ ਹੁੰਦੀ ਹੈ। ਪ੍ਰੋਟੀਨ ਦੀ ਜ਼ਰੂਰਤ ਨਿਸ਼ਾਸਤੇ ਦੇ ਮੁਕਾਬਲੇ ਘੱਟ ਹੁੰਦੀ ਹੈ। ਜੇਕਰ ਪਸ਼ੂ ਦੀ ਖੁਰਾਕ ਵਿੱਚ ਪ੍ਰੋਟੀਨ ਦੀ ਮਾਤਰਾ ਘੱਟ ਹੋਵੇਗੀ ਤਾਂ ਇਸ ਦਾ ਅਸਰ ਪਸ਼ੂ ਦੀ ਸਿਹਤ, ਦੁੱਧ ਦੀ ਪੈਦਾਵਾਰ, ਵਾਧੇ ਆਦਿ ਤੇ ਪਵੇਗਾ ਪਰ ਜੇਕਰ ਖੁਰਾਕ ਵਿੱਚ ਲੋੜ ਤੋਂ ਵੱਧ ਪ੍ਰੋਟੀਨ ਹੋਵੇ ਤਾਂ ਵਾਧੂ ਪ੍ਰੋਟੀਨ ਸ਼ਕਤੀ ਪੈਦਾ ਕਰਨ ਲਈ ਵਰਤੀ ਜਾਂਦੀ ਹੈ ਜੋ ਕਿ ਇੱਕ ਘਾਟੇ ਦਾ ਸੌਦਾ ਹੁੰਦਾ ਹੈ। ਵਧੇਰੇ ਪ੍ਰੋਟੀਨ ਪ੍ਰਜਨਣ ਮੁਸ਼ਕਿਲਾਂ ਦਾ ਕਾਰਨ ਵੀ ਬਣ ਸਕਦੀ ਹੈ। ਪ੍ਰੋਟੀਨ ਪਸ਼ੂਆਂ ਨੂੰ ਖੱਲ੍ਹਾਂ, ਦਾਣਿਆਂ ਅਤੇ ਪੱਠਿਆਂ ਤੋਂ ਮਿਲਦੀ ਹੈ ।

**ਫੈਟ /ਚਿਕਨਾਈ :** ਫੈਟ ਵਿੱਚ ਭਾਰ ਦੇ ਹਿਸਾਬ ਨਾਲ ਨਿਸ਼ਾਸਤੇ ਨਾਲੋਂ ਦੁੱਗਣੀ ਤੋਂ ਵੀ ਜ਼ਿਆਦਾ ਤਾਕਤ ਹੁੰਦੀ ਹੈ। ਪਸ਼ੂ ਦੀ ਖੁਰਾਕ ਵਿੱਚ 5-7% ਤੱਕ ਫੈਟ ਦੀ ਜ਼ਰੂਰਤ ਹੁੰਦੀ ਹੈ। ਫਾਲਤੂ ਖੁਰਾਕੀ ਚਿਕਨਾਈ ਪਸ਼ੂਆਂ ਦੇ ਸਰੀਰ ਵਿੱਚ ਚਰਬੀ ਦੇ ਰੂਪ ਵਿੱਚ ਜਮ੍ਹਾਂ ਹੋ ਜਾਂਦੀ ਹੈ ਤੇ ਲੋੜ ਪੈਣ ਤੇ ਪਸ਼ੂ ਇਸ ਨੂੰ ਵਰਤ ਲੈਂਦੇ ਹਨ। ਚਿਕਨਾਈ, ਫੈਟ ਵਿੱਚ ਘੁਲਣਸ਼ੀਲ ਵਿਟਾਮਿਨਾਂ ਦੇ ਜ਼ਜਬ ਹੋਣ ਵਿੱਚ ਵੀ ਮਦਦ ਕਰਦੀ ਹੈ। ਪਰ ਜੇ ਪਸ਼ੂ ਨੂੰ ਤੇਲ ਜਾਂ ਜ਼ਿਆਦਾ ਮਾਤਰਾ ਵਿੱਚ ਫੈਟ ਦਿੱਤੀ ਜਾਵੇ ਤਾਂ ਇਸ ਦਾ ਪਸ਼ੂ ਦੀ ਪਾਚਨ ਸ਼ਕਤੀ ਤੇ ਬੁਰਾ ਪ੍ਰਭਾਵ ਪੈਂਦਾ ਹੈ। ਚਿਕਨਾਈ ਪਸ਼ੂ ਨੂੰ ਖੱਲ੍ਹਾਂ, ਦਾਣਿਆਂ ਅਤੇ ਚਾਰਿਆਂ ਤੋਂ ਮਿਲਦੀ ਹੈ।

**ਖਣਿਜ/ਧਾਤਾਂ :** ਖਣਿਜ ਪਸ਼ੂਆਂ ਨੂੰ ਖੁਰਾਕ ਵਿੱਚੋਂ ਮਿਲ ਜਾਂਦੇ ਹਨ ਤੇ ਖੁਰਾਕ ਵਿੱਚ ਅੱਗੋਂ ਇਹ ਮਿੱਟੀ ਵਿੱਚੋਂ ਆਉਂਦੇ ਹਨ। ਪਰ ਕਣਕ-ਝੋਨੇ ਦੇ ਫਸਲੀ ਚੱਕਰ ਨੇ ਮਿੱਟੀ ਦੇ ਉਪਜਾਊਪਣ ਨੂੰ ਕਾਫੀ ਢਾਅ ਲਾਈ । ਸਿੱਟੇ ਵਜੋਂ ਇਹਨਾਂ ਦੀ ਮਿੱਟੀ ਵਿੱਚ ਕਮੀ ਦੇ ਨਾਲ-ਨਾਲ, ਖੁਰਾਕ ਵਿੱਚ ਵੀ ਘਾਟ ਆਉਣ ਲੱਗੀ। ਸੋ ਪਸ਼ੂਆਂ ਦੀ ਲੋੜਾਂ ਨੂੰ ਪੂਰਾ ਕਰਨ ਲਈ ਖੁਰਾਕ ਵਿੱਚ ਧਾਤਾਂ ਦਾ ਚੂਰਾ ਪਾਉਣਾ ਚਾਹੀਦਾ ਹੈ। ਖਣਿਜਾਂ ਨੂੰ ਪਸ਼ੂ ਦੀ ਲੋੜ ਮੁਤਾਬਿਕ ਦੋ ਭਾਗਾਂ ਵਿੱਚ ਵੰਡਿਆਂ ਜਾਂਦਾ ਹੈ।




1. ਮੁੱਖ ਧਾਤਾਂ /ਖਣਿਜ : ਇਸ ਵਿੱਚ ਕੈਲਸ਼ੀਅਮ, ਫਾਸਫੋਰਸ, ਮੈਗਨੀਸ਼ੀਅਮ, ਪੋਟਾਸ਼ੀਅਮ, ਸੋਡੀਅਮ, ਕਲੋਰੀਨ ਅਤੇ ਸਲਫਰ ਆਉਂਦੇ ਹਨ ਕਿਉਂਕਿ ਇਹ ਖਣਿਜ ਪਸ਼ੂ ਨੂੰ ਥੋੜੀ ਵੱਧ ਮਾਤਰਾ ਵਿੱਚ ਲੋੜੀਂਦੇ ਹਨ ਸੋ ਇਸ ਕਰਕੇ ਇਹਨਾਂ ਨੂੰ ਰਾਸ਼ਨ ਵਿੱਚ ਸੁੱਕੇ ਮਾਦੇ (dry matter) ਦੀ ਪ੍ਰਤੀਸ਼ਤ ਮਾਤਰਾ ਨਾਲ ਦਰਸਾਇਆ ਜਾਂਦਾ ਹੈ।
2. ਲਘੂ/ਅਲਪ ਖਣਿਜ : ਇਸ ਵਿੱਚ ਆਇਓਡੀਨ, ਜਿਸਤ (ਜ਼ਿੰਕ), ਲੋਹਾ, ਕਾਪਰ, ਫਲੋਰੀਨ, ਕੋਬਾਲਟ, ਸਲੀਨੀਅਮ ਅਤੇ ਕ੍ਰੋਮੀਅਮ ਆਦਿ ਹਨ। ਕਿਉਂਕਿ ਇਹ ਘੱਟ ਮਾਤਰਾ ਵਿੱਚ ਲੋੜੀਂਦੇ ਹਨ ਸੋ ਇਸ ਕਰਕੇ ਇਹਨਾਂ ਨੂੰ ਪੀ. ਪੀ. ਐਮ. (Parts per million) ਨਾਲ ਦਰਸਾਇਆ ਜਾਂਦਾ ਹੈ।

ਹਰੇਕ ਖਣਿਜ ਪਸ਼ੂ ਦੇ ਕਿਤੇ ਨਾ ਕਿਤੇ ਕੰਮ ਆਉਂਦਾ ਹੈ ਤੇ ਇਹਨਾਂ ਦੀ ਘਾਟ ਪਸ਼ੂ ਦੇ ਅਸਰ ਪਾਉਂਦੀ ਹੈ, ਜਿਵੇਂ ਕਿ :

1. ਪਸ਼ੂ ਦਾ ਸਿਹਤਮੰਦ ਨਾ ਰਹਿਣਾ।
2. ਹਾਜ਼ਮਾ ਕਮਜ਼ੋਰ ਹੋਣਾ